**ਡਾਇਰੈਕਟਰ ਜਨਰਲ ਸਕੂਲ ਸਿੱਖਿਆ-ਕਮ- ਸਟੇਟ ਪ੍ਰੋਜੈਕਟ ਡਾਇਰੈਕਟਰ**
**ਐਸ.ਸੀ.ਓ. ਨੰ: 104-106, ਸੈਕਟਰ 34-ਏ, ਚੰਡੀਗੜ੍ਹ**

ਵੱਲ

ਸਮੂਹ ਜਿਲ੍ਹਾ ਸਿੱਖਿਆ ਅਫਸਰ(ਸੈ.ਸਿ)
ਪੰਜਾਬ

ਮੀਮੋ ਨੰ: ਡਿ.ਐਸ.ਪੀ.ਡੀ/ਆਰ.ਐਸ.ਐਸ.ਏ/2010/R054875
ਮਿਤੀ, ਚੰਡੀਗੜ੍ਹ: 27-10-2010

**ਵਿਸ਼ਾ:-** **ਬੀ.ਐਡ ਟੀਚਿੰਗ ਪ੍ਰੈਕਟਿਸ ਸੰਬੰਧੀ।**

ਹਵਾਲਾ:- ਇਸ ਦਫਤਰ ਦੇ ਪੱਤਰ ਨੰ: ਨੰ:ਡਿ.ਐਸ.ਪੀ.ਡੀ(ਵੀ)/45740 ਮਿਤੀ 8 ਜੁਲਾਈ 2010 ਦੇ ਸੰਬੰਧ ਵਿੱਚ।

1.0 ਉਪਰੋਕਤ ਵਿਸ਼ੇ ਅਤੇ ਹਵਾਲੇ ਅਧੀਨ ਆਪ ਨੂੰ ਮੁੱਖ ਦਫਤਰ ਵੱਲੋਂ ਪਹਿਲਾਂ ਹੀ ਹਦਾਇਤਾਂ ਜਾਰੀ ਕੀਤੀਆਂ ਜਾ ਚੁੱਕੀਆਂ ਹਨ।ਪਰੰਤੂ ਇਹ ਗੱਲ ਧਿਆਨ ਵਿੱਚ ਆਈ ਹੈ ਕਿ ਕੁਝ ਜਿਲ੍ਹਿਆਂ ਦੁਆਰਾ ਇਹਨਾਂ ਹਦਾਇਤਾਂ ਦੀ ਪਾਲਣਾ ਨਹੀਂ ਕੀਤੀ ਜਾ ਰਹੀ ਹੈ। ਹਦਾਇਤਾਂ ਦੀ ਕਾਪੀ ਨੱਥੀ ਕਰਦੇ ਹੋਏ ਆਪ ਨੂੰ ਲਿਖਿਆ ਜਾਂਦਾ ਹੈ ਕਿ ਇਹਨਾਂ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕਰਦੇ ਹੋਏ ਆਪਣੇ ਜਿਲ੍ਹੇ ਦੇ ਸਕੂਲਾਂ ਵਿੱਚ ਸਿੱਖਿਆਰਥੀਆ ਦੀ ਟੀਚਿੰਗ ਪ੍ਰੈਕਟਿਸ ਦਾ ਯੋਗ ਪ੍ਰਬੰਧ ਕੀਤਾ ਜਾਵੇ।

2.0 ਜੋ ਵੀ ਐਜੂਕੇਸ਼ਨ ਕਾਲਜ ਇਸ ਸੰਬੰਧ ਵਿੱਚ ਆਪ ਨਾਲ ਰਾਬਤਾ ਕਾਇਮ ਕਰਦਾ ਹੈ, ਉਸਨੂੰ ਹਦਾਇਤਾਂ ਅਧੀਨ ਸਕੂਲਾਂ ਦੀ ਅਲਾਟਮੈਂਟ ਕੀਤੀ ਜਾਵੇ। ਟੀਚਿੰਗ ਪ੍ਰੈਕਟਿਸ ਦੌਰਾਨ ਸਕੂਲਾਂ ਦੀ ਸਮਾਂ ਸਾਰਣੀ , ਪਾਠਕ੍ਰਮ ਦੀ ਮਹੀਨਾਵਾਰ ਵੰਡ, ਪੇਪਰਾਂ ਦੇ ਸ਼ਡਿਊਲ, ਮਿਡ ਡੇ ਮੀਲ ਆਦਿ ਵਿੱਚ ਕਿਸੇ ਕਿਸਮ ਦੀ ਤਬਦੀਲੀ ਨਹੀਂ ਕੀਤੀ ਜਾਵੇਗੀ।

2.0 ਇਸ ਤੋਂ ਇਲਾਵਾ ਇਹ ਵੀ ਲਿਖਿਆ ਜਾਂਦਾ ਹੈ ਕਿ ਸਕੂਲ ਦੇ ਮੁੱਖ ਅਧਿਆਪਕਾਂ ਨੂੰ ਬਾਹਰੀ ਨਿਰੀਖਕ ਦੇ ਤੌਰ ਤੇ ਨਿਯੁਕਤ ਨਾ ਕੀਤਾ ਜਾਵੇ ਇਸ ਨਾਲ ਸਕੂਲ ਦੇ ਕੰਮ ਕਾਜ਼/ਹਾਜ਼ਰੀ ਵਿੱਚ ਵਿਘਨ ਪੈਂਦਾ ਹੈ।।

**ਨੱਥੀ: ਹਦਾਇਤਾਂ ਦੀ ਕਾਪੀ।**

**ਡਾਇਰੈਕਟਰ ਜਨਰਲ ਸਕੂਲ ਸਿੱਖਿਆ,ਪੰਜਾਬ**